PSPCL Punjab State Power Corporation Limited
ਰਜਿਸਟਰਡ ਦਫਤਰ: ਪੰ.ਰਾ.ਪਾ.ਕਾ.ਲਿ., ਮੁੱਖ ਦਫਤਰ: ਦੀ ਮਾਲ ਪਟਿਆਲਾ-147001 (ਪੰਜਾਬ)
(ਦਫਤਰ ਵਧੀਕ ਨਿਗਰਾਨ ਇੰਜੀਨੀਅਰ ਓ ਅਤੇ ਐਮ ਮੰਡਲ ਸੰਗਰੂਰ)
(ਫੋਨ ਨੰ 96461-11146, E-mail- xen-grid-mtc-sgr@pspcl.in)

ਦਫਤਰੀ ਹੁਕਮ ਨੰ : 51 ਮਿਤੀ : 19.02.2025

ਜਿਵੇਂ ਕਿ ਸ਼੍ਰੀ ਸੰਜੀਵ ਕੁਮਾਰ, ਆਰ.ਟੀ.ਐਮ. ਪੁੱਤਰ ਸ਼੍ਰੀ ਰਾਮ ਗੋਪਾਲ (ਆਈ.ਡੀ.ਨੰ: 331299) ਜਦੋਂ 66 ਕੇ.ਵੀ. ਗ/ਸ/ਸ ਚੀਮਾ ਅਧੀਨ ਓ ਅਤੇ ਐਮ ਮੰਡਲ, ਪੀ.ਐਸ.ਪੀ.ਸੀ.ਐਲ. ਸੰਗਰੂਰ ਵਿਖੇ ਕੰਮ ਕਰਦਾ ਸੀ ਤਾਂ ਉਸ ਵੱਲੋਂ ਕੀਤੀਆਂ ਅਣਗਹਿਲੀਆਂ/ਕੁਤਾਹੀਆਂ/ਗਲਤੀਆਂ ਕਾਰਨ ਇਸ ਦਫਤਰ ਵੱਲੋਂ ਦੋਸ਼ ਸੂਚੀ ਨੰ: ਸੀ-5/468 ਮਿਤੀ 22.05.2023 ਜਾਰੀ ਕੀਤੀ ਗਈ ਸੀ ਜਿਸਨੂੰ ਕਰਮਚਾਰੀ ਵੱਲੋਂ ਮਿਤੀ 27.05.2023 ਨੂੰ ਪ੍ਰਾਪਤ ਕੀਤਾ ਅਤੇ ਕਰਮਚਾਰੀ ਦੀ ਦੋਸ਼ ਸੂਚੀ ਬਾਬਤ ਜਵਾਬ ਤਲਬੀ ਸਮੇਤ ਐਸ.ਐਸ.ਈ. ਸੁਨਾਮ ਦੀ ਟਿੱਪਣੀ ਮਿਤੀ 10.07.2023 ਨੂੰ ਇਸ ਦਫਤਰ ਵਿਖੇ ਪੇਸ਼ ਕੀਤੀ ਗਈ।

ਜਿਵੇਂ ਕਿ ਇਸ ਦੋਸ਼ ਸੂਚੀ ਬਾਬਤ ਇਸ ਦਫਤਰ ਦੇ ਦਫਤਰੀ ਹੁਕਮ ਨੰ: 97 ਮਿਤੀ 17.07.2023 ਰਾਂਹੀ ਸਹਾਇਕ ਇੰਜੀਨੀਅਰ/ਟੀ.ਐਲ. ਅਧੀਨ ਓ ਅਤੇ ਐਮ ਮੰਡਲ ਸੰਗਰੂਰ ਨੂੰ ਇੰਨਕੁਆਰੀ ਲਈ ਨਿਯੁਕਤ ਕੀਤਾ ਗਿਆ। ਇੰਨਕੁਆਰੀ ਮੁਕੰਮਲ ਹੋਣ ਉਪਰੰਤ ਸਹਾਇਕ ਇੰਜੀਨੀਅਰ/ਟੀ.ਐਲ. ਅਧੀਨ ਓ ਅਤੇ ਐਮ ਮੰਡਲ ਸੰਗਰੂਰ ਵੱਲੋ ਪੱਤਰ ਨੰ. 120 ਮਿਤੀ 26.04.2024 ਰਾਂਹੀ ਇੰਨਕੁਆਰੀ ਰਿਪੋਰਟ ਇਸ ਦਫਤਰ ਵਿਖੇ ਭੇਜੀ ਗਈ। ਜਿਸ ਅਨੁਸਾਰ ਮੁਦਾਲੇ ਸ਼੍ਰੀ ਸੰਜੀਵ ਕੁਮਾਰ (ਆਈ.ਡੀ.ਨੰ: 331299) ਆਰ.ਟੀ.ਐਮ. ਪੁੱਤਰ ਸ਼੍ਰੀ ਰਾਮ ਗੋਪਾਲ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ ਸਿੱਧ ਹੁੰਦੇ ਹਨ। ਕਰਮਚਾਰੀ ਵੱਲੋਂ ਇੰਨਕੁਆਰੀ ਰਿਪੋਰਟ ਮਿਤੀ 02.05.2024 ਨੂੰ ਪ੍ਰਾਪਤ ਕੀਤੀ ਗਈ।

ਜਿਵੇਂ ਕਿ ਕਰਮਚਾਰੀ ਵਿਰੁੱਧ ਦੋਸ਼ ਸੂਚੀ ਨੰ:ਸੀ-5/468 ਮਿਤੀ 22.05.2023 ਦੇ ਵਿਰੁੱਧ ਕੀਤੀ ਵਿਭਾਗੀ ਪੜਤਾਲ ਵਿੱਚ ਕਰਮਚਾਰੀ ਸ਼੍ਰੀ ਸੰਜੀਵ ਕੁਮਾਰ (ਆਈ.ਡੀ.ਨੰ:331299) ਆਰ.ਟੀ.ਐਮ. ਵਿਰੁੱਧ ਮੁਕੱਦਮਾ ਨੰ:58 ਮਿਤੀ 22.6.2013 ਅ/ਧ 22/61/85 NDPS Act PS Cheema ਅਧੀਨ ਦਰਜ ਰਜਿਸਟਰ ਹੋਇਆ ਸੀ। ਜਿਸ ਵਿਰੁੱਧ Session Case no. 20 of 20.02.2014, Registration No. 212/2014, ਦਾ ਫੈਸਲਾ ਮਿਤੀ 13.05.2016 ਨੂੰ In the Court of Shri Jagdeep Singh Marok, Judge, Special Court, Sangrur ਵਿਖੇ ਹੇਠ ਦਰਸਾਏ ਅਨੁਸਾਰ ਹੋਇਆ:-

ORDER OF SENTENCE:

I have heard the accused/convict as mandated under Section 235 (2) Cr. P.C. on the question of sentence. He has submitted that he is poor man having unblemished record. He is the only bread winner of his family. He remained in jail in this case for about more than eleven months. Ultimately, he prayed for leniency in the matter of sentence.

Perusal of the file shows that the accused remained in jail in this case from 22.06.2013 to 27.05.2014. Taking into consideration the fact that the accused is proved to have been found in possession of non commercial quantity of contraband and the period for which he has remained in jail in this case besides other facts and circumstances as narrated by the accused, I feel that ends of justice shall be met if the accused/convict is sentenced to imprisonment for the period which he has already undergone with a fine of 3,100/-. Ordered accordingly. In default of payment of fine, the accused/convict shall further undergo rigorous imprisonment for a period of thirty days. Case property be disposed of as per rules after the expiry of the period of limitation for appeal or revision, if any, or the result thereof and file be consigned to the record room.

ਜਿਵੇਂ ਕਿ ਕਰਮਚਾਰੀ ਵਿਰੁੱਧ ਦਰਜ ਉਕਤ ਕੇਸ ਵਿਰੁੱਧ ਮਾਨਯੋਗ ਸਪੈਸ਼ਲ ਕੋਰਟ ਸੰਗਰੂਰ ਵੱਲੋਂ ਲਏ ਫੈਸਲੇ ਅਤੇ ਕਰਮਚਾਰੀ ਵੱਲੋਂ ਨਿਯੁਕਤੀ ਸਮੇਂ ਸਜਾ ਯਾਫਤਾ ਸਬੰਧੀ ਦਿੱਤੇ ਝੂਠੇ ਹਲਫੀਆ ਬਿਆਨ ਦੇ ਮੱਦੇਨਜ਼ਰ ਲੀਗਲ ਭਾਗ ਪਟਿਆਲਾ ਦੇ ਯੂ.ਓ.ਨੰ: 1288 ਐਲ.ਬੀ-3 (24)3784/22 ਮਿਤੀ 26.6.24 ਰਾਹੀਂ ਕਾਨੂੰਨੀ ਰਾਏ ਦਿੱਤੀ ਗਈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

"Hon'ble Supreme court of India laid down the following's guidelines in the case of Avtar Singh Vs. Union of India SLP © no. 20525 of 2011to the effect that:

In case there is suppression or false information of involvement in a criminal case where conviction or acquittal had already been recorded before filling of the application/verification form and such fact later comes to knowledge of employer, any of the following recourse appropriate to the case may be adopted:

1. In a case trivial in nature in which conviction had been recorded, such as shouting slogans at young age or for a petty offence which if disclosed would not have rendered an incumbent unfit for post in question, the employer may, in its discretion, ignore suppression of fact or false information by condoning the lapse.
2. Where conviction has been recorded in case which is not trivial in nature, employer may cancel candidature or terminate services of the employee. If acquittal had already been recorded in a case involving moral turpitude or offence of heinous/serious nature, on technical ground and it is not a case of clean acquittal, or benefit of reasonable doubt has been given, the employer may consider all relevant facts available as to antecedents, and may take appropriate decision as to the continuance of the employee.
3. In a case where the employee has made declaration truthfully of a concluded criminal case, the employer still has the right to consider antecedents, and cannot be compelled to appoint the candidate. In case when fact has been truthfully declared in character verification form regarding pendency of a criminal case of trivial nature, employer, in facts and circumstances of the case, in its discretion may appoint the candidate subject to decision of such case.
4. In a case of deliberate suppression of fact with respect to multiple pending cases such false information by itself will assume significance and an employer may pass appropriate order cancelling candidature or terminating services as appointment of a person against whom multiple criminal cases were pending may not be proper. If criminal case was pending but not known to the candidate at the time of filling the form, still it may have adverse impact and the appointing authority would take decision after considering the seriousness of the crime
5. In case the employee is confirmed in service, holding Departmental enquiry would be necessary before passing order of termination/removal or dismissal on the ground of suppression or submitting false information in verification form. For determining suppression or false information attestation/verification form has to be specific, not vague. Only such information which was required to be specifically mentioned has to be disclosed. If information not asked for but is relevant comes to knowledge of the employer the same can be considered in an objective manner while addressing the question of fitness. However, in such cases action cannot be taken on basis of suppression or submitting false information as to a fact which was not even asked for.
Keeping in view the observations of Apex Court above competent authority may consider the matter accordingly, moreover decision regarding what departmental action is to be taken or punishment is to be given or not is to be considered by the concerned punishing/competent authority administratively by using his quasi-judicial powers as per prevalent rules and conditions of services."

ਇਸ ਤੋਂ ਇਲਾਵਾ ਕਰਮਚਾਰੀ ਵੱਲੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ CWP No. 29729 of 2024 (O&M) ਦਾਇਰ ਕੀਤਾ ਗਿਆ ਜਿਸਦਾ ਫੈਸਲਾਂ ਮਾਨਯੋਗ ਜੱਜ ਨਮਿਤ ਕੁਮਾਰ ਜੀ ਵੱਲੋ ਮਿਤੀ 05.11.2024 ਨੂੰ ਕੀਤਾ ਗਿਆ ਜੋ ਕਿ ਹੇਠ ਲਿਖੇ ਅਨੁਸਾਰ ਹੈ:-

"The present petition has been filed by the petitioner under Articles 226/227 of the Constitution of India, seeking a writ of mandamus, directing the respondents not to terminate the services of the petitioner and to maintain status quo till the decision of the writ petition.

After arguing the case for some time, learned counsel for the petitioner wishes to withdraw the present petition with liberty to file a fresh one, on the same cause of action, if any adverse order is passed by the respondents on the show cause notice dated 09.10.2024 (Annexure P-7).

Dismissed as withdrawn with aforesaid liberty."

ਇਸ ਦੋਸ਼ ਸੂਚੀ ਅਤੇ ਇੰਨਕੁਆਰੀ ਰਿਪੋਰਟ ਸਬੰਧੀ ਕਰਮਚਾਰੀ ਨੂੰ ਆਪਣਾ ਪੱਖ ਰੱਖਣ ਲਈ ਇਸ ਦਫਤਰ ਵੱਲੋ ਪੱਤਰ ਨੰ. 3832 ਮਿਤੀ 20.09.2024 ਲਿਖਿਆ ਗਿਆ।ਕਰਮਚਾਰੀ ਵੱਲੋ ਮਿਤੀ 30.09.2024 ਨੂੰ ਵਧੀਕ ਨਿਗਰਾਨ ਇੰਜੀਨੀਅਰ ਓ ਅਤੇ ਐਮ ਮੰਡਲ ਸੰਗਰੂਰ ਵਿਖੇ ਪੇਸ਼ ਹੋ ਕੇ ਆਪਣਾ ਪੱਖ ਲਿਖਤੀ ਰੂਪ ਵਿੱਚ ਦਿੱਤਾ ਗਿਆ ਜੋ ਕਿ ਤਸਲੀਬੱਖਸ ਨਹੀਂ ਪਾਇਆ ਗਿਆ।ਕੇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਰਮਚਾਰੀ ਨੂੰ ਇੱਕ ਆਖਰੀ ਮੌਕਾ ਦਿੰਦੇ ਹੋਏ ਆਪਣਾ ਪੱਖ ਰੱਖਣ ਲਈ ਇਸ ਦਫਤਰ ਵੱਲੋ ਪੱਤਰ ਨੰ. 4150 ਮਿਤੀ 09.10.2024 ਅਤੇ ਪੱਤਰ ਨੰ. 4335 ਮਿਤੀ 23.10.2024 ਲਿਖੇ ਗਏ।ਕਰਮਚਾਰੀ ਵੱਲੋ ਮਿਤੀ

28.10.2024 ਨੂੰ ਵਧੀਕ ਨਿਗਰਾਨ ਇੰਜੀਨੀਅਰ ਓ ਅਤੇ ਐਮ ਮੰਡਲ ਸੰਗਰੂਰ ਵਿਖੇ ਪੇਸ਼ ਹੋ ਕੇ ਆਪਣਾ ਪੱਖ ਲਿਖਤੀ ਰੂਪ ਵਿੱਚ ਦਿੱਤਾ ਗਿਆ ਜਿਸ ਵਿੱਚ ਕਰਮਚਾਰੀ ਵੱਲੋ ਕੁਝ ਵੀ ਨਵਾਂ/ਢੁੱਕਵਾਂ ਜੁਆਬ ਜਾਂ ਸੱਪਸਟੀਕਰਨ ਨਹੀ ਦਿੱਤਾ ਗਿਆ।

ਜਿਵੇਂ ਕਿ ਕੇਸ ਇਸ ਦਫਤਰ ਵਿੱਚ ਸਮਰੱਥ ਅਧਿਕਾਰੀ (ਵਧੀਕ ਨਿਗਰਾਨ ਇੰਜੀਨੀਅਰ ਓ ਅਤੇ ਐਮ ਮੰਡਲ ਸੰਗਰੂਰ) ਵੱਲੋਂ ਇੰਨਕੁਆਰੀ ਰਿਪੋਰਟ ਸਬੰਧਤ ਪ੍ਰਾਪਤ ਹੋਈਆ ਟਿੱਪਣੀਆਂ ਅਤੇ ਕਰਮਚਾਰੀ ਵੱਲੋ ਨਿੱਜੀ ਸੁਣਵਾਈ ਮਿਤੀ 30.09.2024 ਅਤੇ ਮਿਤੀ 28.10.2024 ਨੂੰ ਦਿੱਤੇ ਬਿਆਨਾਂ ਅਨੁਸਾਰ ਵਿਚਾਰਿਆ ਗਿਆ ਅਤੇ ਫੈਸਲਾ ਲਿਆ ਗਿਆ ਕਿ ਕਰਮਚਾਰੀ ਵਿਰੁੱਧ ਦਰਜ ਉਕਤ ਕੇਸ ਵਿਰੁੱਧ ਮਾਨਯੋਗ ਸਪੈਸ਼ਲ ਕੋਰਟ ਸੰਗਰੂਰ ਵੱਲੋਂ ਲਏ ਫੈਸਲੇ ਅਤੇ ਕਰਮਚਾਰੀ ਵੱਲੋਂ ਨਿਯੁਕਤੀ ਸਮੇਂ ਸਜਾ ਯਾਫਤਾ ਸਬੰਧੀ ਦਿੱਤੇ ਝੂਠੇ ਹਲਫੀਆ ਬਿਆਨ ਦੇ ਮੱਦੇਨਜ਼ਰ ਲੀਗਲ ਭਾਗ ਪਟਿਆਲਾ ਵੱਲੋ ਦਿੱਤੀ ਗਈ ਕਾਨੂੰਨੀ ਰਾਏ ਅਤੇ ਵਧੀਕ ਨਿਗਰਾਨ ਇੰਜੀਨੀਅਰ ਪੀ ਅਤੇ ਐਮ ਮੰਡਲ ਸੰਗਰੂਰ ਦੇ ਪੱਤਰ ਨੰ. 1358 ਮਿਤੀ 10.07.2019 ਰਾਂਹੀ ਕਰਮਚਾਰੀ ਨੂੰ ਜਾਰੀ ਕੀਤੇ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਨੰ: 1(ਅ) ਅਨੁਸਾਰ ਕਰਮਚਾਰੀ ਨੂੰ ਪੀਐਸਪੀਸੀਐਲ ਦੀਆਂ ਸੇਵਾਵਾਂ ਤੋ ਤਰੁੰਤ ਪ੍ਰਭਾਵ ਤੋ ਬਰਖਾਸਤ ਕੀਤਾ ਜਾਵੇ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ਸ਼੍ਰੀ ਸੰਜੀਵ ਕੁਮਾਰ, ਆਰ.ਟੀ.ਐਮ. ਪੁੱਤਰ ਸ਼੍ਰੀ ਰਾਮ ਗੋਪਾਲ (ਆਈ.ਡੀ.ਨੰ: 331299) ਨੂੰ ਪੀਐਸਪੀਸੀਐਲ ਦੀਆਂ ਸੇਵਾਵਾਂ ਤੋ ਤਰੁੰਤ ਪ੍ਰਭਾਵ ਤੋ ਬਰਖਾਸਤ ਕੀਤਾ ਜਾਂਦਾ ਹੈ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:

| | | | |
|---|---|---|---|
| 1. | ਕਰਮਚਾਰੀ ਦਾ ਨਾਮ ਅਤੇ ਅਹੁੱਦਾ | - | ਸ਼੍ਰੀ ਸੰਜੀਵ ਕੁਮਾਰ, ਆਰ.ਟੀ.ਐਮ. |
| 2. | ਪਿਤਾ ਦਾ ਨਾਮ | - | ਸ਼੍ਰੀ ਰਾਮ ਗੋਪਾਲ |
| 3. | ਜਨਮ ਮਿਤੀ | - | 25.11.1987 |
| 4. | ਆਈ.ਡੀ.ਨੰ: | - | 331299 |
| 5. | ਮਹਿਕਮੇ ਵਿੱਚ ਹਾਜਰ ਹੋਣ ਦੀ ਮਿਤੀ | - | 12.07.2019 ਬਤੌਰ ਆਰ.ਟੀ.ਐਮ. |

ਵਧੀਕ ਨਿਗਰਾਨ ਇੰਜੀਨੀਅਰ
ਓ ਅਤੇ ਐਮ ਮੰਡਲ
ਪੀ.ਐਸ.ਪੀ.ਸੀ.ਐਲ., ਸੰਗਰੂਰ

ਪਿੱਠ ਅੰਕਣ ਨੰ. 701/709 ਮਿਤੀ : 19.02.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗੇਤਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਇੰਜੀਨੀਅਰ/ਪੀ ਅਤੇ ਐਮ, ਪੀ.ਐਸ.ਪੀ.ਸੀ.ਐਲ., ਲੁਧਿਆਣਾ।
2. ਉਪ ਮੁੱਖ ਇੰਜੀਨੀਅਰ/ਪੀ ਅਤੇ ਐਮ ਹਲਕਾ,ਪੀ.ਐਸ.ਪੀ.ਸੀ.ਐਲ., ਪਟਿਆਲਾ।
3. ਉਪ ਮੁੱਖ ਇੰਜੀਨੀਅਰ/ਪ੍ਰਸੋਨਲ, ਪੀ.ਐਸ.ਪੀ.ਸੀ.ਐਲ., ਪਟਿਆਲਾ।
4. ਉਪ ਮੁੱਖ ਇੰਜੀਨੀਅਰ/ਆਈ.ਟੀ.,ਓ ਅਤੇ ਐਸ, ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰੀ ਹੁਕਮ ਦੀ ਕਾਪੀ ਪੀ.ਐਸ.ਪੀ.ਸੀ.ਐਲ. ਦੀ ਵੈਬ ਸਾਇਟ ਤੇ ਅੱਪਲੋਡ ਕੀਤੀ ਜਾਵੇ ਜੀ।
5. ਮੁਕੱਦਮੇਬਾਜ਼ੀ ਸਲਾਹਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
6. ਉਪ ਸਕੱਤਰ/ਅ:ਅ:-2, ਪੀ.ਐਸ.ਪੀ.ਸੀ.ਐਲ., ਪਟਿਆਲਾ।
7. ਐਸ.ਐਸ.ਈ. ਸੁਨਾਮ ਅਧੀਨ ਓ ਅਤੇ ਐਮ ਮੰਡਲ, ਪੀ.ਐਸ.ਪੀ.ਸੀ.ਐਲ., ਸੰਗਰੂਰ ਨੂੰ ਦਫਤਰੀ ਹੁਕਮ ਦੀ ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਦਫਤਰੀ ਹੁਕਮ ਕਰਮਚਾਰੀ ਨੂੰ ਸੌਂਪ ਕੇ ਇਸ ਦੀ ਮਿਤੀ-ਬੱਧ ਪ੍ਰਾਪਤੀ ਰਸੀਦ ਪ੍ਰਤੀ ਹਸਤਾਖਰ ਕਰਕੇ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
8. ਸਹਾਇਕ ਲੇਖਾ ਅਫਸਰ,ਓ ਅਤੇ ਐਮ ਮੰਡਲ,ਪੀ.ਐਸ.ਪੀ.ਸੀ.ਐਲ., ਸੰਗਰੂਰ।
9. ਸ਼੍ਰੀ ਸੰਜੀਵ ਕੁਮਾਰ, ਆਰ.ਟੀ.ਐਮ. ਪੁੱਤਰ ਸ਼੍ਰੀ ਰਾਮ ਗੋਪਾਲ (ਆਈ.ਡੀ.ਨੰ: 331299) ਵਾਸੀ ਵਾਰਡ ਨੰ. 8 ਪਿੰਡ ਤੇ ਡਾਕਖਾਨਾ ਚੀਮਾ,ਤਹਿਸੀਲ ਸੁਨਾਮ,ਜਿਲ੍ਹਾ ਸੰਗਰੂਰ।

— ਸਹੀ —

ਵਧੀਕ ਨਿਗਰਾਨ ਇੰਜੀਨੀਅਰ
ਓ ਅਤੇ ਐਮ ਮੰਡਲ
ਪੀ.ਐਸ.ਪੀ.ਸੀ.ਐਲ., ਸੰਗਰੂਰ